# ਰੇਡੀਓ ਲਵੀਵਾਰ-ਜਲਵਾਯੂ ਬਦਲਾਅ – ਕਿਉਂ ਬਦਲ ਰਹੀ ਹੈਂ ਫਿਜ਼ਾਏਂ

## ਕੜੀ-11 ਜੀਵਨ - ਕਿਵੇਂ ਪ੍ਰਭਾਵਿਤ ਕਰਦਾ ਹੈ ਜਲਵਾਯੂ ਨੂੰ : ਅੰਦਰੂਨੀ ਕਾਰਕ

## ਸਿੱਕੇ ਦੇ ਦੋ ਪਹਿਲੂ

ਖੋਜ ਤੇ ਲੇਖਣ: ਸ੍ਰੀ ਹੇਮੰਤ ਲਾਗਵੰਕਰ

**(' How life affects the climate : Internal Factors, *Two Sides of the Same Coin*)**

ਪੰਜਾਬੀ ਰੁਪਾਂਤਰ ਤੇ ਲੇਖਣ ਸੋਧ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ

(In this episode, 'How life affects the climate : Internal Factors, *Two Sides of the Same Coin*' , it has been made out that since Life on the Earth and Climate are like two sides of the same coin and the climatic conditions affect the life, so we experience biodiversity in different regions according to the climatic conditions present there. Further that simultaneously, life on the Earth also affects climatic conditions. There are many phenomena like evapotranspiration, Albedo effect, formation of clouds, ozone layer around the Earth, etc. which also affect the climatic conditions on the earth. These natural phenomena are strongly related to the life processes on the Earth and also affect the climatic conditions to some extent, though in general the climate is changing mainly due to various human activities on the Earth. In this episode it has also been depicted as to how internal factors (natural) affect the local and global climatic conditions with some interesting examples in the past.)

(ਇਸ ਕੜੀ 'ਜੀਵਨ – ਕਿਵੇਂ ਪ੍ਰਭਾਵਿਤ ਕਰਦਾ ਹੈ ਜਲਵਾਯੂ ਨੂੰ : ਅੰਦਰੂਨੀ ਕਾਰਕ ਸਿੱਕੇ ਦੇ ਦੋ ਪਹਿਲੂ' ਵਿੱਚ ਇਸ ਤੱਥ ਤੇ ਧਿਆਨ ਕੇਂਦ੍ਰਿਤ ਕੀਤਾ ਗਿਆ ਹੈ ਕਿਕਿਉਂ ਜੋ ਧਰਤੀ ਉਤੇ ਜੀਵਨ ਅਤੇ ਜਲਵਾਯੂ ਇਕ ਹੀ ਸਿੱਕੇ ਦੇ ਦੋ ਪਾਸਿਆ ਦੀ ਤਰ੍ਹਾਂ ਹੀ ਹਨ... ਅਤੇ ਜਲਵਾਯੂ-ਪਰਿਸਥਿਤੀਆਂ ਜੀਵਨ ਨੂੰ ਪ੍ਰਭਾਵਿਤ ਕਰਦੀਆਂ ਹਨ... ਅਸੀਂ ਵਿਭਿੰਨ ਖੇਤਰਾਂ ਵਿੱਚ, ਕਿਸੇ ਵੀ ਸਥਾਨ 'ਤੇ ਮੌਜੂਦ ਜਲਵਾਯੂ-ਪਰਿਸਥਿਤੀਆਂ ਦੇ ਅਨੁਸਾਰ ਜੈਵ ਵਿਭਿੰਨਤਾ ਦਾ ਅਨੁਭਵ ਕਰਦੇ ਹਾਂ... ਇਸ ਤੋਂ ਅੱਗੇ ਕਿ ਇਸੇ ਪ੍ਰਕਾਰ ਧਰਤੀ 'ਤੇ ਜੀਵਨ, ਜਲਵਾਯੂ-ਪਰਿਸਥਿਤੀਆਂ ਨੂੰ ਵੀ ਪ੍ਰਭਾਵਿਤ ਕਰਦਾ ਹੈ.. ਬਹੁਤ ਸਾਰੇ ਵਰਤਾਰੇ ਜਿਵੇਂ ਵਾਸ਼ਪੀਕਰਨ, ਅਲਬੇਡੋ ਪ੍ਰਭਾਵ, ਬੱਦਲਾਂ ਦਾ ਨਿਰਮਾਣ, ਧਰਤੀ ਦੇ ਚਾਰੇ ਪਾਸੇ ਓਜ਼ੋਨ ਪਰਤ ਆਦਿ ਚੱਲ ਰਹੇ ਹਨ ।ਇਹ ਵੀ ਧਰਤੀ ਉਪਰਲੀਆਂ ਜਲਵਾਯੂ ਪਰਿਸਥਿਤੀਆਂ ਨੂੰ ਪ੍ਰਭਾਵਿਤ ਕਰਦੀਆਂ ਹਨ.. ਇਹ ਕੁਦਰਤੀ ਵਰਤਾਰੇ ਧਰਤੀ ਉਪਰ ਵਿਚਰ ਰਹੀ ਜੀਵਨ ਪ੍ਰਕਿਰਿਆ ਨਾਲ ਤਕੜੇ ਰੂਪ ਵਿੱਚ ਸਬੰਧਿਤ ਹਨ... ਇਹ ਕੁਦਰਤੀ ਘਟਨਾਵਾਂ ਜਲਵਾਯੂ-ਪਰਿਸਥਿਤੀਆਂ ਨੂੰ ਵੀ ਪ੍ਰਭਾਵਿਤ ਕਰਦੀਆਂ ਹਨ ਹਾਲਾਂਕਿ ਮੁੱਖ ਰੂਪ ਨਾਲ ਧਰਤੀ ਉਪਰ ਜਲਵਾਯੂ ਦਾ ਬਦਲਾਅ ਵਿਭਿੰਨ ਮਨੁੱਖੀ ਗਤੀਵਿਧੀਆਂ ਦੇ ਕਾਰਨ ਹੀ ਹੋ ਰਿਹਾ ਹੈ..ਇਸ ਕੜੀ ਵਿੱਚ ਅਤੀਤ ਦੀਆਂ ਕੁਝ ਦਿਲਚਸਪ ਉਦਾਹਰਨਾਂ ਦੇ ਨਾਲ ਦੱਸਿਆ ਗਿਆ ਹੈ ਕਿ ਅੰਦਰੂਨੀ ਕਾਰਕ (ਕੁਦਰਤੀ) ਸਥਾਨਕ ਅਤੇ ਵਿਸ਼ਵੀ ਜਲਵਾਯੂ-ਪਰਿਸਥਿਤੀਆਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ...)

### ਪਾਤਰ

ਔਰਤ ਸੂਤਰਧਾਰ

ਮਰਦ ਸੂਤਰਧਾਰ

ਰਾਜੂ: ਸਕੂਲ ਪੜ੍ਹਦਾ ਲੜਕਾ (ਉਮਰ 10 ਤੋਂ 12 ਸਾਲ)

ਦਾਦੀ: ਰਾਜੂ ਦੀ ਦਾਦੀ (ਉਮਰ ਲੱਗਭਗ 70 ਸਾਲ)

ਰਾਜਾ: ਸਬੰਧਤ ਰਾਜ ਦਾ ਸ਼ਾਸ਼ਕ (ਉਮਰ ਲੱਗਭਗ 50 ਸਾਲ)

ਮੰਤਰੀ: ਰਾਜੇ ਦਾ ਮੰਤਰੀ (ਉਮਰ ਲੱਗਭਗ 50 ਸਾਲ)

ਸ੍ਰੀਪਾਲ: ਰਾਜ ਵਿੱਚ ਇੱਕ ਮਾਹਿਰ (ਉਮਰ ਲੱਗਭਗ 40ਸਾਲ)

**ਸੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣਾਇਆ ਜਾਵੇਗਾ)

ਜਲਵਾਯੂ ਬਦਲਾਅ, ਕਿਉਂ ਬਦਲ ਰਹੀ ਹੈਂ ਫਿਜ਼ਾਏਂ ......

**ਸੰਗੀਤ......**

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, **ਜਲਵਾਯੂ ਬਦਲਾਅ ਦੀ ਵਿਗਿਆਨ ਦੇ** ਲੜੀਵਾਰ " **ਕਿਉਂ ਬਦਲ ਰਹੀ ਹੈਂ ਫਿਜ਼ਾਏਂ " ਦੀ ਗਿਆਰਵੀਂ ਕੜੀ "ਜੀਵਨ - ਕਿਵੇਂ ਪ੍ਰਭਾਵਿਤ ਕਰਦਾ ਹੈ ਜਲਵਾਯੂ ਨੂੰ : ਅੰਦਰੂਨੀ ਕਾਰਕ, ਸਿੱਕੇ ਦੇ ਦੋ ਪਹਿਲੂ** "।

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਹਾਂ ਜੀ। ਪਿਆਰੇ ਸ੍ਰੋਤਿਓ ...ਤੁਹਾਡਾ ਸਭ ਦਾ ਸੁਆਗਤ ਹੈ, ਅੱਜ ਦੇ "**ਜਲਵਾਯੂ ਬਦਲਾਅ ਦੀ ਵਿਗਿਆਨ**" ਦੇ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ** " ਦੀ ਗਿਆਰਵੀਂ ਕੜੀ ਵਿੱਚ ।

**ਮਰਦ ਸੂਤਰਧਾਰ:** ਹਾਂ ! ਇਸ ਲੜੀਵਾਰ "**ਕਿਉਂ ਬਦਲ ਰਹੀ ਹੈਂ ਫਿਜ਼ਾਏਂ** " ਦੀ ਪਿਛਲੀ ਕੜੀ ਵਿੱਚ ਕੀਤੀ ਸੀ ਅਸੀਂ ਚਰਚਾ ਉਨ੍ਹਾਂ ਵਰਤਾਰਿਆਂ ਦੀ ਵਾਪਰਦੇ ਨੇ ਜੋ ਧਰਤ ਦੇ ਗਰਭ ਵਿੱਚ !

**ਔਰਤ ਸੂਤਰਧਾਰ:** ਸੁਣਿਆ ਸੀ ਕਿ ਕਿਵੇਂ ਇਹ ਵਰਤਾਰੇ ਯਾਨੀ ਧਰਤ ਦੇ ਗਰਭ ਅੰਦਰ ਚਲਦੀਆਂ ਕਿਰਿਆਵਾਂ ਕਰਦੀਆਂ ਨੇ ਪ੍ਰਭਾਵਤ ਸਾਡੇ ਜਲਵਾਯੂ ਨੂੰ ?

**ਮਰਦ ਸੂਤਰਧਾਰ:** ਹਾਂ ਜੀ ਸੁਣਾਈ ਸੀ ਕਹਾਣੀ ਜਵਾਲਾ ਮੁਖੀਆਂ ਦੇ ਫਟਣ ਦੀ !

**ਔਰਤ ਸੂਤਰਧਾਰ:** ਇਸ ਚਰਚਾ ਵਿੱਚ ਹੋਈ ਸੀ ਗੱਲ ਅੱਗ ਉਗਲਦੇ ਜਵਾਲਾ ਮੁਖੀਆਂ ਦੀ, ਫਟ ਜਾਂਦੇ ਨੇ ਜੋ ਧਰਤੀ ਦੀਆਂ ਅੰਦਰੂਨੀ ਗਤੀਵਿਧੀਆਂ ਦੇ ਕਾਰਨ!

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਕਿ ਕਿਵੇਂ ਇਨ੍ਹਾਂ ਜਵਾਲਾ ਮੁਖੀਆਂ ਦੇ ਫਟਣ ਨਾਲ ਵੱਡੀ ਮਾਤਰਾ ਵਿੱਚ ਨਿਕਲਦੀ ਸਲਫਰ ਡਾਈਅਕਸਾਈਡ ਗੈਸ ਮਿਲ ਜਾਂਦੀ ਹੈ ਵਾਯੂਮੰਡਲ ਦੇ ਸਮ ਤਾਪ ਮੰਡਲ ਦੇ ਵਿੱਚ !

**ਔਰਤ ਸੂਤਰਧਾਰ:** ਇਸ ਵਿੱਚ ਸੁਣਾਈ ਸੀ ਕਹਾਣੀ ਕਿ ਕਿਵੇਂ ਨਿੱਕਲਦੀ ਹੈ ਇਨ੍ਹਾਂ ਵਿਸਫੋਟਾਂ ਵਿੱਚੋਂ ਏਰੋਸੋਲ ਵੀ ਤੇ ਕੀ ਖੇਡਦੀ ਹੈ ਖੇਡ ਉਹ ਸਾਡੀ ਧਰਤੀ ਦੇ ਜਲਵਾਯੂ ਨਾਲ !

**ਮਰਦ ਸੂਤਰਧਾਰ:** ਕੀਤੀ ਸੀ ਚਰਚਾ ਕਿ ਕਿਵੇਂ ਜਵਾਲਾਮੁਖੀਆਂ ਦੇ ਵਿਸਫੋਟਾਂ ਵਿੱਚੋਂ ਨਿਕਲਦੀ ਸਲਫਰਡਾਈ ਅਕਸਾਈਡ ਅਤੇ ਸਲਫੇਟ ਏਰੋਸੋਲ ਬਣਾ ਦਿੰਦੇ ਨੇ ਗੰਧਕ ਦੇ ਤੇਜਾਬ ਦੀ ਪਰਤ ਸਾਡੀ ਧਰਤੀ ਦੇ ਜਲਵਾਯੂ ਵਿੱਚ !

**ਔਰਤ ਸੂਤਰਧਾਰ:** ਸੁਣਾ ਦਿੱਤਾ ਸੀ ਸਾਰਾ ਕਿੱਸਾ ਉਨ੍ਹਾਂ ਪ੍ਰਭਾਵਾਂ ਦਾ , ਪੈਂਦੇ ਨੇ ਜਿਹੜੇ ਸਾਡੇ ਧਰਤ ਗ੍ਰਹਿ ਦੇ ਤਾਪਮਾਨ ਦੇ ਉਪਰ ਇਸ ਤੇਜਾਬੀ ਪਰਤ ਦੇ ਕਾਰਨ !

**ਮਰਦ ਸੂਤਰਧਾਰ:** ਕੀਤੀ ਸੀ ਚਰਚਾ ਉਸ ਵਿਗਿਆਨ ਦੀ ਵੀ ਜਿਹੜੀ ਕੰਮ ਕਰਦੀ ਹੈ ਇਸ ਤੇਜਾਬੀ ਪਰਤ ਰਾਹੀਂ ਪੈਣ ਵਾਲੇ ਪ੍ਰਭਾਵ ਦੇ ਪਿੱਛੇ !

**ਔਰਤ ਸੂਤਰਧਾਰ:** ਸੁਣਾ ਦਿੱਤਾ ਸੀ ਕਿਸਾ ਕਿ ਇਹ ਪਰਤ ਕਰਦੀ ਹੈ ਦੋ ਕੰਮ : ਜਾਂ ਤਾਂ ਸੋਖ ਲੈਂਦੀ ਹੈ ਸੂਰਜੀ ਵਿਕਿਰਣਾਂ ਨੂੰ ਜਾਂ ਫਿਰ ਦਿੰਦੀ ਹੈ ਬਿਖੇਰ ਇਨ੍ਹਾਂ ਨੂੰ !

**ਮਰਦ ਸੂਤਰਧਾਰ:** ਦੱਸ ਦਿੱਤੀ ਸੀ ਇਹ ਵੀ ਭੇਤ ਦੀ ਗੱਲ ਕਿ ਇਹੀ ਵਿਕੀਰਣਾਂ ਨੂੰ ਸੋਖਣ ਤੇ ਬਿਖੇਰਣ ਦੀ ਪ੍ਰਕਿਰਿਆ ਬਣਦੀ ਹੈ ਲੰਬੇ ਸਮੇ ਦੇ ਤਾਪਮਾਨ ਵਾਧੇ ਦਾ ਜਾਂ ਫਿਰ ਅਲਪ ਕਾਲੀਨ ਠੰਢਕ ਦਾ !

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਕਿ ਕਿਵੇਂ ਧਰਤੀ ਦੀਆਂ ਪਲੇਟਾਂ ਵਿੱਚ ਹੁੰਦੀ ਰਹਿੰਦੀ ਹੈ ਹਿੱਲ ਜੁੱਲ !

**ਔਰਤ ਸੂਤਰਧਾਰ:** ਵੇਖੋ ਜੀ ! ਸੁਣ ਲਿਆ ਸੀ ਅਸੀਂ ਕਿ ਇਸ ਧਰਤੀ ਦੀਆਂ ਅੰਦਰੂਨੀ ਪਲੇਟਾਂ ਦੀ ਇਹ ਹਿੱਲ ਜੁੱਲ ਵੀ ਬਣਦੀ ਹੈ ਕਾਰਨ ਜਵਾਲਾ ਮੁਖੀਆਂ ਦੇ ਵਿਸਫੋਟ ਦਾ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਕਿ ਕਿਵੇਂ ਇੰਡੋਨੇਸ਼ੀਆ ਦੇ ਤੰਬੋਰਾ ਜਵਾਲਾਮੁਖੀ ਦੇ ਫਟਣ ਦਾ ਪ੍ਰਭਾਵ ਪਿਆ ਸੀ ਸਾਡੇ ਭਾਰਤ ਦੇ ਜਲਵਾਯੂ ਦੇ ਉਪਰ !

**ਔਰਤ ਸੂਤਰਧਾਰ:** ਇਹ ਵੀ ਤਾਂ ਜਾਣ ਲਿਆ ਸੀ ਕਿ ਤੇ ਕਿਵੇਂ ਲਾਰਡ ਬਾਇਰਨ ਨੇ ਇਸ ਗਰਦ ਗੁਬਾਰ ਦਾ ਬਿਆਨ ਕੀਤਾ ਸੀ ਆਪਣੀ ਕਵਿਤਾ ਦੇ ਰਾਹੀਂ !

**ਮਰਦ ਸੂਤਰਧਾਰ:** ਅੱਜ ਦੀ ਇਸ ਕੜੀ **"ਜੀਵਨ – ਕਿਵੇਂ ਪ੍ਰਭਾਵਿਤ ਕਰਦਾ ਹੈ ਜਲਵਾਯੂ ਨੂੰ : ਅੰਦਰੂਨੀ ਕਾਰਕ, ਸਿੱਕੇ ਦੇ ਦੋ ਪਹਿਲੂ "**। ਵਿੱਚ ਸੁਣਾਈ ਜਾਵੇਗੀ ਕਹਾਣੀ ਕਿ ਕਿਵੇਂ ਸਾਡੀਆਂ ਰੋਜਾਨਾ ਜੀਵਣ ਦੀਆਂ ਗਤੀਵਿਧੀਆਂ ਬਣਦੀਆਂ ਨੇ ਮੁੱਖ ਕਾਰਕ ਧਰਤੀ ਦੇ ਜਲਵਾਯੂ ਦੇ ਬਦਲਾਅ ਦਾ ! ਕਿਵੇਂ ਬਦਲਦੀਆਂ ਨੇ ਫਿਜ਼ਾਏਂ ਸਾਡੀਆਂ ਗਤੀਵਿਧੀਆਂ ਦੇ ਕਾਰਨ !

**ਔਰਤ ਸੂਤਰਧਾਰ:** ਲਓ ਸੁਣੋ ਇਸ ਲੜੀਵਾਰ '**ਕਿਉਂ ਬਦਲ ਰਹੀ ਹੈਂ ਫਿਜ਼ਾਏਂ**' ਦੀ ਗਿਆਰਵੀਂ ਕੜੀ ਸਾਡੇ ਇਨ੍ਹਾਂ ਕਲਾਕਾਰਾਂ ਦੀ ਜ਼ੁਬਾਨੀ !

……ਦ੍ਰਿਸ਼ ਬਦਲਾਅ ਸੰਗੀਤ……

……ਦ੍ਰਿਸ਼ ਦੂਜਾ……

**(ਭਾਰੀ ਵਰਖਾ ਅਤੇ ਗਰਜ ਦੀ ਅਵਾਜ਼… ਕੜਕਦੀ ਬਿਜਲੀ ਦੀ ਅਵਾਜ਼.. ਅਕਸਰ ਸੁਣਾਈ ਦਿੰਦੀ ਹੈ.. ਰਾਤ ਦੇ ਸਮੇਂ ਬਿਜਲੀ ਡਿੱਗਣ ਦੀ ਅਵਾਜ਼ ਦੇ ਕਾਰਨ ਰਾਜੂ ਘਬਰਾ ਗਿਆ ਹੈ… ਰਾਜੂ ਅਤੇ ਦਾਦੀ ਵਿਚਲਾ ਸੰਵਾਦ ਭਿਆਨਕ ਬਿਜਲੀ ਦੀ ਅਵਾਜ਼ ਪਿੱਠਭੂਮੀ 'ਤੇ ਸ਼ੁਰੂ ਹੁੰਦਾ ਹੈ..)**

**ਰਾਜੂ:** ਦਾਦੀ, ਇਹ ਸਭ ਕੁਝ ਕਦੋਂ ਰੁਕੇਗਾ? ਬਿਜਲੀ ਕੜਕਣ ਨਾਲ ਮੈਨੂੰ ਡਰ ਲੱਗ ਰਿਹਾ…

**ਦਾਦੀ:** ਰਾਜੂ, ਚਿੰਤਾ ਨਾ ਕਰ.. ਕੁਝ ਨਹੀਂ ਹੋਵੇਗਾ..

**ਰਾਜੂ (ਲੱਗਭਗ ਰੋਂਦੇ ਹੋਏ):** ਪਰ ਦਾਦੀ, ਜੇਕਰ ਇਹ ਬਿਜਲੀ ਸਾਡੇ ਘਰ 'ਤੇ ਡਿੱਗ ਪਈ, ਤਾਂ?

**ਦਾਦੀ** (ਹੱਸਦੇ ਹੋਏ): ਨਹੀਂ... ਨਹੀਂ.. ਬਿਜਲੀ ਸਾਡੇ ਘਰ 'ਤੇ ਨਹੀਂ ਡਿੱਗੇਗੀ... ਚਿੰਤਾ ਨਾ ਕਰ.. ਅਤੇ ਰਾਜੂ, ਇਹ ਅਵਾਜ਼ ਛੇਤੀ ਹੀ ਬੰਦ ਹੋ ਜਾਵੇਗੀ.. ਬੱਦਲ ਸਾਫ਼ ਹੋ ਜਾਣਗੇ.. ਵੇਖੋ ਵਰਖਾ ਸ਼ੁਰੂ ਹੋ ਗਈ ਹੈ... ਜਦੋਂ ਉਨ੍ਹਾਂ ਬੱਦਲਾਂ 'ਚੋਂ ਪਾਣੀ ਖ਼ਤਮ ਹੋ ਜਾਵੇਗਾ.. ਤਾਂ ਬੱਦਲ ਗਾਇਬ ਹੋ ਜਾਣਗੇ ਅਤੇ ਬਿਜਲੀ ਕੜਕਣੀ ਆਪਣੇ-ਆਪ ਬੰਦ ਹੋ ਜਾਵੇਗੀ...

**ਰਾਜੂ**: (ਉਤਸ਼ਾਹ ਨਾਲ): ਦਾਦੀ, ਤੁਹਾਨੂੰ ਪੂਰਾ ਵਿਸ਼ਵਾਸ ਹੈ?

**ਦਾਦੀ**: ਹਾਂ, ਰਾਜੂ... ਇਕ ਵਾਰ ਜਦੋਂ ਬੱਦਲ ਗਾਇਬ ਹੋ ਜਾਣਗੇ, ਤਾਂ ਬਿਜਲੀ ਕੜਕਣੀ ਤਾਂ ਬੰਦ ਹੋ ਹੀ ਜਾਵੇਗੀ..

**ਰਾਜੂ**: ਹੁਣ ਜਰਾ ਚੈਨ ਆਇਆ.. ਇਕ ਵਾਰ ਬੱਦਲਾਂ ਵਿੱਚ ਪਾਣੀ ਖ਼ਤਮ ਹੋ ਗਿਆ, ਫਿਰ ਨਾ ਤਾਂ ਬੱਦਲ ਅਤੇ ਨਾ ਹੀ ਬਿਜਲੀ.. ਤਾਂ ਇਹ ਆਖਿਰੀ ਵਾਰ ਹੈ ਨਾ... ਬੱਸ ਹੁਣ ਤਾਂ ਇੱਕ ਵਾਰ ਇਹ ਬੱਦਲ ਤੇਜ਼ੀ ਨਾਲ ਖਾਲੀ ਹੋ ਜਾਣ ਸਹੀ.. ਮੈਂ ਪੂਰੀ ਜਿੰਦਗੀ ਦੁਬਾਰਾ ਬਿਜਲੀ ਕੜਕਣ ਦੀ ਅਵਾਜ਼ ਨਹੀਂ ਸੁਣਨਾ ਚਾਹੁੰਦਾ..

**ਦਾਦੀ** (ਹੈਰਾਨੀ ਨਾਲ): ਕੀ? ਪੂਰੇ ਜੀਵਨ 'ਚ?

**ਰਾਜੂ**: ਹਾਂ.. ਤੁਸੀਂ ਹੀ ਕਿਹਾ ਹੈ, ਇੱਕ ਵਾਰ ਜਦੋਂ ਬੱਦਲਾਂ 'ਚੋਂ ਪਾਣੀ ਬਾਹਰ ਨਿਕਲ ਜਾਵੇਗਾ, ਤਾਂ ਉਹ ਗਾਇਬ ਹੋ ਜਾਣਗੇ...

**ਦਾਦੀ** (ਹੱਸਦੇ ਹੋਏ): ਰਾਜੂ ਬੇਟਾ, ਅੱਜ ਦੇ ਲਈ ਬੱਦਲ ਗਾਇਬ ਹੋ ਜਾਣਗੇ.. ਪਰ ਕੱਲ੍ਹ ਉਹ ਫਿਰ ਆ ਸਕਦੇ ਹਨ..

**ਰਾਜੂ** (ਭੈ ਨਾਲ): ਕੀ?

**ਦਾਦੀ**: ਹਾਂ... ਇਹ ਕੁਦਰਤੀ ਪ੍ਰਕਿਰਿਆ ਹੈ.. ਅਜਿਹਾ ਬਾਰ-ਬਾਰ ਹੁੰਦਾ ਹੈ..

**(ਅਚਾਨਕ ਫਿਰ ਤੋਂ ਬਿਜਲੀ ਡਿੱਗਣ ਦੀ ਅਵਾਜ਼ ਸੁਣਾਈ ਦਿੰਦੀ ਹੈ ਅਤੇ ਰਾਜੂ ਘਬਰਾ ਜਾਂਦਾ ਹੈ)**

**ਰਾਜੂ**: ਓਹੋ...! ਕੀ ਹੋ ਰਿਹਾ ਹੈ ਇਹ ? ਮੇਰੀ ਤਾਂ ਜਾਨ ਹੀ ਨਿੱਕਲਦੀ ਜਾ ਰਹੀ ਹੈ !

**ਦਾਦੀ**: ਘਬਰਾ ਨਾ, ਰਾਜੂ... ਚਲ ! ਮੈਂ ਤੈਨੂੰ ਇਕ ਕਹਾਣੀ ਸੁਣਾਉਂਦੀ ਹਾਂ ..

**ਰਾਜੂ**: ਅੱਛਾ!

**ਦਾਦੀ**: ਠੀਕ ਹੈ... ਲੈ ਸੁਣ ...... ਇਕ ਵਾਰ ਦੀ ਗੱਲ ਹੈ, ਇੱਕ 'ਮੂਰਖ ਰਾਜਾ' ਸੀ...

**ਰਾਜੂ** (ਹੱਸਦੇ ਹੋਏ): ਮੂਰਖ ?

**ਦਾਦੀ**: ਹਾਂ.. ਮੂਰਖ ਰਾਜਾ.. ਉਸਦਾ ਮੰਨਣਾ ਸੀ ਕਿ ਉਹ ਆਪਣੇ ਰਾਜ ਦੇ ਸਾਰੇ ਲੋਕਾਂ 'ਚੋਂ ਸਭ ਤੋਂ ਚੁਸਤ ਹੈ... ਉਸ ਨੂੰ ਯਕੀਨ ਸੀ ਕਿ ਕੋਈ ਵੀ ਉਸ ਨੂੰ ਵਰਗਲਾ ਨਹੀਂ ਸਕਦਾ.. ਨਿੱਤ ਦਿਨ ਉਹ ਆਪਣੇ ਮਹਿਲ ਵਿੱਚ ਆਪਣੇ ਗਿਆਨ ਦਾ

ਪ੍ਰਦਰਸ਼ਨ ਕਰਨ ਵਿੱਚ ਲੱਗਿਆ ਰਹਿੰਦਾ... ਅਤੇ ਉਸ ਦੇ ਮੰਤਰੀ ਉਸ ਦੇ ਦੁਆਰਾ ਬੋਲੇ ਗਏ ਹਰ ਸ਼ਬਦ ਦੀ ਸਰਾਹਨਾ ਕਰਦੇ ਨਾ ਥੱਕਦੇ... ਇਕ ਦਿਨ, ਦਰਬਾਰ ਵਿੱਚ, ਰਾਜੇ ਨੇ ਆਪਣੇ ਮੰਤਰੀਆਂ ਨੂੰ ਇਕ ਮੂਰਖਾਨਾ ਆਦੇਸ਼ ਦਿੱਤਾ...

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਤੀਜਾ......**

**(ਦਰਬਾਰ ਦਾ ਦ੍ਰਿਸ਼ ਜਿੱਥੇ ਰਾਜਾ ਆਪਣੇ ਮੰਤਰੀ ਨੂੰ ਆਦੇਸ਼ ਦੇ ਰਿਹਾ ਹੈ...)**

**ਰਾਜਾ:** ਮੰਤਰੀ, ਮੇਰੇ ਮਨ 'ਚ ਵਿਚਾਰ ਆ ਰਿਹਾ ਹੈ ਕਿ ਸਾਡੇ ਗੁਆਂਢੀ ਰਾਜੇ ਨੂੰ ਸਬਕ ਸਿਖਾਇਆ ਜਾਵੇ...

**ਮੰਤਰੀ:** ਜੀ ਮਹਾਰਾਜ...

**ਰਾਜਾ:** ਮੰਤਰੀ...! ਇਕ ਮਹੀਨੇ ਦੇ ਅੰਦਰ - ਅੰਦਰ , ਅਸੀਂ ਆਪਣੇ ਗੁਆਂਢੀ ਰਾਜ ਨੂੰ ਪਾਣੀ ਦੀ ਪੂਰਤੀ ਬੰਦ ਕਰ ਦੇਵਾਂਗੇ.. ਨਦੀ ਵਿੱਚ ਇਕ ਬੰਧ ਬਣਾ ਕੇ ਅਸੀਂ ਪਾਣੀ ਦੀ ਪੂਰਤੀ ਵਿੱਚ ਕਟੌਤੀ ਕਰਾਂਗੇ.. ਹਾ ਹਾ ਹਾ ਹਾ. (ਹੱਸਦੇ ਹੋਏ)...

**ਮੰਤਰੀ:** ਪਰ ਮਹਾਰਾਜ..

**ਰਾਜਾ:** ਮੰਤਰੀ, ਮੇਰੇ ਆਦੇਸ਼ ਦਾ ਪਾਲਣ ਕਰੋ..

**ਮੰਤਰੀ:** ਪਰ.. ਗੁਆਂਢੀ ਰਾਜਾ ਬਹੁਤ ਸ਼ਕਤੀਸ਼ਾਲੀ ਹੈ...ਜੇਕਰ ਉਹ ਸਾਡੇ ਵਿਰੁੱਧ ਯੁੱਧ ਕਰ ਦੇਵੇ ਤਾਂ ਅਸੀਂ ਉਨ੍ਹਾਂ ਦੀ ਮਜ਼ਬੂਤ ਸੈਨਾ ਦੇ ਸਾਹਮਣੇ ਟਿਕ ਨਹੀਂ ਪਾਵਾਂਗੇ...

**ਰਾਜਾ:** ਮੰਤਰੀ, ਸਾਡੀ ਇਹੀ ਕਮਜੋਰੀ ਤਾਂ ਕਾਰਨ ਹੈ ਕਿ ਅਸੀਂ ਉਨ੍ਹਾਂ ਦੇ ਵਿਰੁੱਧ ਯੁੱਧ ਨਹੀਂ ਕਰਾਂਗੇ.. ਪਰ ਉਨ੍ਹਾਂ ਦੀ ਪਾਣੀ ਦੀ ਪੂਰਤੀ ਵਿੱਚ ਕਟੌਤੀ ਕਰਾਂਗੇ ਅਤੇ ਉਨ੍ਹਾਂ ਦੇ ਰਾਜ ਨੂੰ ਬਰਬਾਦ ਕਰ ਦੇਵਾਂਗੇ.. ਹਾ ਹਾ ਹਾ ਹਾ! (**ਹੱਸਦੇ ਹੋਏ**) ਇਸ ਲਈ ਤੁਰੰਤ ਕੰਮ ਕਰਨਾ ਸ਼ੁਰੂ ਕਰੋ..

**ਮੰਤਰੀ:** ਜਿਵੇਂ ਆਪਜੀ ਦੀ ਇੱਛਾ, ਮਹਾਰਾਜ..

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਚੌਥਾ......**

**( ਰਾਜੂ ਅਤੇ ਉਸਦੀ ਦਾਦੀ ਦਾ ਸੀਨ..)**

**ਰਾਜੂ:** ਤਾਂ ਅੱਗੇ ਕੀ ਹੋਇਆ, ਦਾਦੀ?

**ਦਾਦੀ (ਹੱਸਦੇ ਹੋਏ):** ਰਾਜੂ, ਤੂੰ ਸੋਚ ਕਿ ਕੀ ਹੋਇਆ ਹੋਵੇਗਾ ?

**ਰਾਜੂ:** ਤਾਂ ਦਾਦੀ ! ਜਾਂ ਤਾਂ ਮੰਤਰੀ ਨੇ ਹੁਕਮ ਮੰਨ ਕੇ ਝਗੜਾ ਖੜ੍ਹਾ ਕਰ ਲਿਆ ਹੋਵੇਗਾ ਜਾਂ ਫਿਰ ਮੰਤਰੀ ਨੇ ਅਕਲ ਤੋਂ ਕੰਮ ਲੈ ਕੇ ਕੋਈ ਹੋਰ ਜੁਗਤ ਬਣਾਈ ਹੋਵੇਗੀ !

**ਦਾਦੀ:** ਵਾਹ! ਸ਼ਾਡਾ ਰਾਜੂ ਤਾਂ ਸਿਆਣਾ ਹੋ ਗਿਆ !

**ਰਾਜੂ:** ਦਾਦੀ !ਸਿਆਣਾ ਤਾਂ ਮੈਂ ਹਾਂ ਹੀ ਪਰ ਤੁਸੀਂ ਨਹੀਂ ਮੰਨਦੇ ਕਿ ਮੈਂ ਇਸ ਉਮਰੇ ਸਿਆਣਾ ਵੀ ਹੋ ਸਕਦਾ ਹਾਂ ! ਹੁਕਮ ਚਲਾਉਣ ਵਾਲੇ ਮਾਪੇ ਜੋ ਹੋਏ !

**ਦਾਦੀ:** ਹਾਂ ! ਮੰਤਰੀ ਜਿਹੜਾ ਸੀ ਨਾ.. ਉਹ ਰਾਜੇ ਦੇ ਮੁਕਾਬਲੇ ਬੁੱਧੀਮਾਨ ਸੀ.. ਉਹ ਇਕ ਹਫ਼ਤੇ ਤੱਕ ਚੁੱਪ ਰਿਹਾ ਅਤੇ ਗੁਆਂਢੀ ਰਾਜ ਨੂੰ ਪਾਣੀ ਦੀ ਪੂਰਤੀ ਕੱਟਣ ਦੇ ਬਜਾਏ ਉਸਨੇ ਇੱਕ ਸ਼ਾਨਦਾਰ ਚਾਲ ਚੱਲੀ….

**ਰਾਜੂ:** ਕਿਹੜੀ ਚਾਲ ਦਾਦੀ?

**ਦਾਦੀ:** ਸਰਦੀਆਂ ਦਾ ਮੌਸਮ ਸੀ… ਰਾਤਾਂ ਦਿਨ ਨਾਲੋਂ ਜ਼ਿਆਦਾ ਲੰਮੀਆਂ ਹੁੰਦੀਆਂ ਹਨ…

**ਰਾਜੂ:** ਹਾਂ, ਇਹ ਤਾਂ ਮੈਂ ਸਮਝਦਾ ਹਾਂ…

**ਦਾਦੀ:** ਇਕ ਰਾਤ, ਮੰਤਰੀ ਨੇ ਸ਼੍ਰੀਪਾਲ ਨੂੰ ਬੁਲਾਇਆ..

**ਰਾਜੂ:** ਸ਼੍ਰੀਪਾਲ ਕੌਣ ਸੀ?

**ਦਾਦੀ:** ਸ਼੍ਰੀਪਾਲ, ਰਾਜੇ ਦੇ ਸਲਾਹਕਾਰ ਸਨ ਅਤੇ ਮੰਤਰੀ ਦੇ ਚੰਗੇ ਵਿਸ਼ਵਾਸ ਪਾਤਰ ਸਨ…

**ਰਾਜੂ:** ਅੱਛਾ ! ਫਿਰ ਕੀ ਹੋਇਆ ?

**ਦਾਦੀ:** ਮੰਤਰੀ ਨੇ ਸ਼੍ਰੀਪਾਲ ਦੇ ਕੰਨ ਦੇ ਕੋਲ ਜਾ ਕੇ ਉਸ ਨੂੰ ਰਾਤ ਸਮੇਂ ਇਕ ਮਹੱਤਵਪੂਰਨ ਕੰਮ ਕਰਨ ਲਈ ਕਿਹਾ…

**ਰਾਜੂ:** ਉਹ ਕੰਮ ਕਿਹੜਾ ਸੀ?

**ਦਾਦੀ:** ਮੰਤਰੀ ਨੇ ਸ਼੍ਰੀਪਾਲ ਨੂੰ ਕਿਹਾ ਕਿ ਉਹ ਰਾਤ ਦੇ ਦੋ ਵਜੇ ਸਮੇਂ ਦਾ ਘੰਟਾ ਛੇ ਵਾਰ ਵਜਾਏ….

**ਰਾਜੂ:** ਸਮੇਂ ਦਾ ਘੰਟਾ?

**ਦਾਦੀ:** ਹਾਂ.. ਉਨੀ ਦਿਨੀ, ਘੜੀਆਂ ਨਹੀਂ ਸਨ.. ਸਮੇਂ ਨੂੰ ਇੱਕ ਕੇਂਦਰੀ ਥਾਂ ‘ਤੇ ਮਾਪਿਆ ਜਾਂਦਾ ਸੀ ਅਤੇ ਲੋਕਾਂ ਨੂੰ ਘੰਟੀ ਵਜਾ ਕੇ ਜਾਗਰੂਕ ਕੀਤਾ ਜਾਂਦਾ ਸੀ..

**ਰਾਜੂ:** ਓਹੋ… ਅੱਛਾ ! ਉਦੋਂ ਟਨ …… ਟਨ…… ਟਨ…… ਹੁੰਦੀ ਸੀ !

**ਦਾਦੀ:** ਹਾਂ !ਜੁਗਤ ਸੀ, ਦੋ ਵਜੇ ਛੇ ਵਾਰ ਘੰਟਾ ਵਜਾਉਣ ਦੀ ... ਤਿੰਨ ਵਜੇ ਸੱਤ ਵਾਰ ਵਜਾਉਣ ਦੀ ...

**ਰਾਜੂ:** ਐਵੇਂ ਹੀ ਅੱਠ ਵਜੇ ਚਾਰ ਵਾਰ.. ਅਤੇ ਇਸੇ ਤਰ੍ਹਾਂ ਅੱਗੇ ਵੀ...

**ਦਾਦੀ:** ਬਿਲਕੁਲ ਸਹੀ...

**ਰਾਜੂ:** ਫਿਰ ਕੀ ਹੋਇਆ?

**ਦਾਦੀ:** ਸਭ ਕੁਝ ਸਹੀ ਹੋ ਗਿਆ... ਯੋਜਨਾ ਦੇ ਅਨੁਸਾਰ.. ਰਾਤ ਦੇ ਦੋ ਵਜੇ, ਸਮੇਂ ਦਾ ਵਿਸ਼ਾਲ ਘੰਟਾ ਛੇ ਵਾਰ ਵੱਜਿਆ... ਅਤੇ ਰਾਜਾ ਜਾਗ ਗਿਆ..

**ਰਾਜੂ (ਹੱਸਦੇ ਹੋਏ):** ਹਾਹਾਹਾਹਾ....

**ਦਾਦੀ:** ਜਦੋਂ ਸੱਤ ਵਾਰ ਘੰਟੀ ਵੱਜੀ, ਤਾਂ ਰਾਜੇ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਬਾਹਰ ਪੂਰਾ ਹਨੇਰਾ ਹੈ.. ਅਤੇ ਇਕ ਘੰਟੇ ਦੇ ਬਾਅਦ ਜਦੋਂ ਅੱਠ ਵਾਰ ਘੰਟੀ ਵੱਜੀ, ਤਾਂ ਉਹ ਡਰ ਗਿਆ ਅਤੇ ਮੰਤਰੀਆਂ ਦੀ ਤਤਕਾਲ ਬੈਠਕ ਬੁਲਾਈ.. ਅੱਠ ਵੱਜਣ 'ਤੇ ਹਨ੍ਹੇਰਾ ਹੋਣ ਦਾ ਕੋਈ ਕਾਰਨ ਵੀ ਉਸ ਨੂੰ ਪਤਾ ਨਹੀਂ ਲੱਗ ਰਿਹਾ ਸੀ...

**ਰਾਜੂ (ਹੱਸਦੇ ਹੋਏ):** ਹਾਹਾਹਾਹਾਹਾ......

**......ਦ੍ਰਿਸ਼ ਬਦਲਾਅ ਸੰਗੀਤ......**

**......ਦ੍ਰਿਸ਼ ਪੰਜਵਾਂ......**

**(ਦਰਬਾਰ ਦਾ ਉਹ ਦ੍ਰਿਸ਼ ਜਿੱਥੇ ਰਾਜੇ ਨੇ ਮੰਤਰੀ ਨੂੰ ਤੇ ਸ਼੍ਰੀਪਾਲ ਨੂੰ ਰਹੱਸ 'ਤੇ ਚਰਚਾ ਕਰਨ ਦੇ ਲਈ ਬੁਲਾਇਆ...)**

**ਰਾਜਾ:** ਮੰਤਰੀ ਜੀ, ਅੱਜ ਕੀ ਹੋ ਗਿਆ ਹੈ? ਘੜੀ 'ਚ ਅੱਠ ਵੱਜਣ ਦੇ ਬਾਅਦ ਵੀ ਐਨਾ ਹਨ੍ਹੇਰਾ ਕਿਉਂ ਹੈ?

**ਮੰਤਰੀ:** ਮਾਫ਼ ਕਰਨਾ, ਮਹਾਰਾਜ.. ਪਰ..

**ਰਾਜਾ:** ਕੀ ਕਾਰਨ ਹੈ? ਮੈਂ ਕੋਈ ਬਹਾਨਾ ਨਹੀਂ ਚਾਹੁੰਦਾ... ਮੈਂ ਜਾਣਨਾ ਚਾਹੁੰਦਾ ਹਾਂ ਕਿ ਇਸ ਹਨ੍ਹੇਰੇ ਦਾ ਕਾਰਨ ਕੀ ਹੈ... ਅੱਜ ਸੂਰਜ ਕਿਉਂ ਨਹੀਂ ਚੜ੍ਹਿਆ...?

**ਮੰਤਰੀ:** ਮਹਾਰਾਜ, ਇਹ ਸਭ ਸਾਡੇ ਕਾਰਨ ਹੀ ਹੈ...

**ਰਾਜਾ:** ਮਤਲਬ?

**ਮੰਤਰੀ:** ਅਸੀਂ ਗੁਆਂਢੀ ਰਾਜ ਦੀ ਪਾਣੀ ਦੀ ਪੂਰਤੀ ਵਿੱਚ ਕਟੌਤੀ ਕਰ ਦਿੱਤੀ ਹੈ... ਇਸ ਲਈ ਉਨ੍ਹਾਂ ਨੇ ਸੂਰਜ ਦੇ ਪ੍ਰਕਾਸ਼ ਨੂੰ ਰੋਕ ਦਿੱਤਾ ਹੈ...

ਰਾਜਾ: ਕੀ?

ਮੰਤਰੀ: ਹਾਂ, ਮਹਾਰਾਜ....ਤੁਸੀਂ ਸ਼੍ਰੀਪਾਲ ਤੋਂ ਵੀ ਪੁੱਛ ਸਕਦੇ ਹੋ..

ਰਾਜਾ: ਸ਼੍ਰੀਪਾਲ, ਕੀ ਇਹ ਸੱਚ ਹੈ? ਮੰਤਰੀ ਜੀ ਕੀ ਕਹਿ ਰਹੇ ਹਨ?

ਸ਼੍ਰੀਪਾਲ: ਹਾਂ, ਮਹਾਰਾਜ...

ਰਾਜਾ: ਪਰ ਉਨ੍ਹਾਂ ਨੇ ਸੂਰਜ ਦੇ ਪ੍ਰਕਾਸ਼ ਨੂੰ ਰੋਕਣ ਦਾ ਪ੍ਰਬੰਧ ਕਿਵੇਂ ਕੀਤਾ?

ਸ਼੍ਰੀਪਾਲ: ਮਹਾਰਾਜ.... ਮੈਨੂੰ ਖੇਦ ਹੈ, ਮੈਂ ਦਰਅਸਲ ਇਹ ਤਾਂ ਨਹੀਂ ਜਾਣਦਾ... ਪਰ ਹਾਂ, ਮੈਨੂੰ ਇਕ ਗੱਲ ਜ਼ਰੂਰ ਪਤਾ ਹੈ..

ਰਾਜਾ: ਉਹ ਕੀ ?

ਸ਼੍ਰੀਪਾਲ: ਨਦੀ ਦੇ ਪਾਣੀ ਨੂੰ ਰੋਕ ਕੇ.. ਅਸੀਂ ਨਾ ਸਿਰਫ਼ ਆਪਣੇ ਗੁਆਂਢੀ ਰਾਜ ਨੂੰ ਭੁੱਖਾ ਰੱਖ ਰਹੇ ਹਾਂ, ਬਲਕਿ ਅਸੀਂ ਕੁਦਰਤ ਨੂੰ, ਉਸ ਦੀ ਜੈਵ ਵਿਭਿੰਨਤਾ ਨੂੰ ਅਤੇ ਇੱਥੋਂ ਤੱਕ ਕਿ ਜਲਵਾਯੂ-ਪਰਿਸਥਿਤੀਆਂ ਨੂੰ ਵੀ ਪ੍ਰਭਾਵਿਤ ਕਰ ਰਹੇ ਹਾਂ..

ਰਾਜਾ: ਕੀ?

ਸ਼੍ਰੀਪਾਲ: ਜੀ ਮਹਾਰਾਜ...

ਰਾਜਾ: ਸ਼੍ਰੀਪਾਲ, ਤੁਸੀਂ ਆਪਣੇ ਰਾਜਾ ਦੇ ਸਾਹਮਣੇ ਇਸ ਤਰ੍ਹਾਂ ਦੇ ਬਿਆਨ ਨਹੀਂ ਦੇ ਸਕਦੇ... ਤੁਸੀਂ ਜੋ ਕੁਝ ਵੀ ਕਿਹਾ ਹੈ ਸਾਬਿਤ ਕਰੋ...

ਸ਼੍ਰੀਪਾਲ: ਹਾਂ, ਮਹਾਰਾਜ.. ਜੇਕਰ ਤੁਸੀਂ ਮੈਨੂੰ ਆਗਿਆ ਦੇਵੋ ਤਾਂ ਮੈਂ ਆਪਜੀ ਦੇ ਸਾਹਮਣੇ ਹਕੀਕਤ ਬਿਆਨ ਕਰ ਦਿੰਦਾ ਹਾਂ..

ਰਾਜਾ: ਠੀਕ ਹੈ ! ਕਰੋ ਬਿਆਨ...... ! ਆਗਿਆ ਹੈ...!

ਸ਼੍ਰੀਪਾਲ: ਮਹਾਰਾਜ... ਮੈਂ ਦਰਬਾਰ ਵਿੱਚ ਸਾਰੇ ਮੈਂਬਰਾਂ ਤੋਂ ਕੁਝ ਸਵਾਲ ਪੁੱਛਾਂਗਾ.. ਸਿਰਫ਼ ਇਹ ਜਾਣਨ ਲਈ ਕਿ ਇੱਥੇ ਮੌਜੂਦ ਲੋਕਾਂ ਨੂੰ ਕਿੰਨੀ ਜਾਣਕਾਰੀ ਹੈ... ਕੀ ਆਗਿਆ ਹੈ, ਮਹਾਰਾਜ?

ਰਾਜਾ: ਹਾਂ, ਸ਼੍ਰੀਪਾਲ.. ਸ਼ੁਰੂ ਕਰੋ..

ਸ਼੍ਰੀਪਾਲ: ਮਹਾਰਾਜ, ਅਸੀਂ ਸਾਰੇ ਜਾਣਦੇ ਹਾਂ ਕਿ ਧਰਤੀ ਉਪਰ ਸਾਧਨ ਤਾਂ ਸੀਮਤ ਹੀ ਹਨ... ਉਦਾਹਰਨ ਦੇ ਲਈ, ਪਾਣੀ ਸੀਮਤ ਹੈ, ਪਰ ਅਸੀਂ ਸਾਰੇ ਪਾਣੀ ਦੀ ਵਰਤੋਂ ਕਰਦੇ ਹਾਂ.. ਫਿਰ ਸਵਾਲ ਇਹ ਹੈ ਕਿ ਇਹ ਪਾਣੀ ਖ਼ਤਮ ਕਿਉਂ ਨਹੀਂ ਹੁੰਦਾ ਹੈ?

ਰਾਜਾ: ਹਰ ਸਾਲ ਸਾਨੂੰ ਮੀਂਹ ਦੇ ਮਾਧਿਅਮ ਨਾਲ ਪਾਣੀ ਮਿਲਦਾ ਹੈ..

ਸ਼੍ਰੀਪਾਲ: ਸਹੀ ਕਿਹਾ ਮਹਾਰਾਜ.. ਪਰ ਮੀਂਹ ਕਿਵੇਂ ਬਣਦਾ ਹੈ? ਇਹ ਪਾਣੀ ਕਿੱਥੋ ਆਉਂਦਾ ਹੈ?

ਮੰਤਰੀ: ਇਹ ਸਮੁੰਦਰ ਦੇ ਪਾਣੀ ਦੇ ਵਾਸ਼ਪੀਕਰਨ ਦੇ ਕਾਰਨ ਹੈ...

ਸ਼੍ਰੀਪਾਲ: ਤੁਸੀਂ ਸਹੀ ਕਿਹਾ, ਮੰਤਰੀ ਜੀ... ਮੀਂਹ ! ਕੁਦਰਤੀ ਜਲ ਚੱਕਰ ਦਾ ਇਕ ਹਿੱਸਾ ਹੈ.. ਸੂਰਜੀ ਗਰਮੀ ਦੇ ਕਾਰਨ ਸਮੁੰਦਰ ਦਾ ਪਾਣੀ ਵਾਸ਼ਪਿਤ ਹੋ ਜਾਂਦਾ ਹੈ ਅਤੇ ਇਹ ਵਾਸ਼ਪ ਅੰਤ 'ਚ ਘੱਟ ਤਾਪਮਾਨ 'ਤੇ ਸੰਘਣਿਤ ਹੋ ਕੇ ਬੱਦਲਾਂ ਨੂੰ ਬਣਾਉਂਦੇ ਹਨ... ਜਦੋਂ ਬੱਦਲ ਜਲ ਵਾਸ਼ਪਾਂ ਨਾਲ ਭਰ ਜਾਂਦੇ ਹਨ, ਤਾਂ ਉਹ ਪਾਣੀ ਨੂੰ ਸੰਭਾਲ ਕੇ ਨਹੀਂ ਰੱਖ ਸਕਦੇ ਅਤੇ ਮੀਂਹ ਆਉਂਦਾ ਹੈ...

ਰਾਜਾ: ਅਤੇ ਇਸ ਪ੍ਰਕਾਰ ਸਾਨੂੰ ਪਾਣੀ ਮਿਲਦਾ ਹੈ...

ਸ਼੍ਰੀਪਾਲ: ਹਾਂ, ਮਹਾਰਾਜ... ਪਰ ਇੱਥੇ ਪਾਣੀ ਬਣਦਾ ਭਾਵ ਪੈਦਾ ਨਹੀਂ ਹੁੰਦਾ ... ਇਹ ਤਾਂ ਕੇਵਲ ਭਾਂਤ-ਭਾਂਤ ਦੇ ਤੌਰ ਤਰੀਕਿਆਂ ਨਾਲ ਚਕਰਿਤ ਹੁੰਦਾ ਰਹਿੰਦਾ ਹੈ.. ਇਸ ਤੋਂ ਵੀ ਮਹੱਤਵਪੂਰਨ ਗੱਲ, ਇਹ ਸਭ ਕੁਝ ਕੁਦਰਤੀ ਰੂਪ ਨਾਲ ਹੋ ਰਿਹਾ ਹੈ.. ਇਹ ਇਕ ਜਲ ਚੱਕਰ ਹੈ...

ਮੰਤਰੀ: ਹਾਂ..

ਸ਼੍ਰੀਪਾਲ: ਇਸੇ ਪ੍ਰਕਾਰ, ਕਾਰਬਨ ਚੱਕਰ ਵੀ ਹੈ..

ਰਾਜਾ: ਉਹ ਕੀ ਹੈ?

ਸ਼੍ਰੀਪਾਲ: ਕਾਰਬਨ ਬਹੁਤ ਮਹੱਤਵਪੂਰਨ ਰਸਾਇਣਿਕ ਤੱਤ ਹੈ.. ਅਤੇ ਮੈਂ ਕਹਿ ਸਕਦਾ ਹਾਂ ਕਿ ਇਹ ਧਰਤੀ 'ਤੇ ਜੀਵਨ ਦੇ ਲਈ ਮਹੱਤਵਪੂਰਨ ਹੈ.. ਇਹ ਕਾਰਬਨ ਵੀ, ਕੁਦਰਤ ਵਿੱਚ ਵਿਭਿੰਨ ਤਰੀਕਿਆਂ ਨਾਲ ਚਕਰਿਤ ਹੁੰਦਾ ਰਹਿੰਦਾ ਹੈ.. ਇਸੇ ਤਰ੍ਹਾਂ, ਸਾਡੇ ਕੋਲ ਵਿਗਿਆਨਿਕ ਸਮਝ ਹੈ ਕਿ ਕੁਦਰਤ ਵਿੱਚ ਨਾਈਟ੍ਰੋਜਨ ਚੱਕਰ, ਆਕਸੀਜਨ ਚੱਕਰ, ਖਣਿਜ ਚੱਕਰ ਆਦਿ ਵੀ ਹਨ...

ਰਾਜਾ: ਠੀਕ ਹੈ...ਪਰ ਇੱਥੇ ਇਨ੍ਹਾਂ ਸਾਰੇ ਚੱਕਰਾਂ ਦੀ ਪ੍ਰਸੰਗਿਕਤਾ ਕੀ ਹੈ? ਮੈਨੂੰ ਹੁਣ ਧੁੱਪ ਚਾਹੀਦੀ ਹੈ.. ਬੱਸ ਐਨਾ ਹੀ.. (**ਪਿੱਠਭੂਮੀ ਵਿੱਚ, ਘੰਟੀ ਦੇ ਨੌਂ ਸਟ੍ਰੋਕ ਸੁਣਾਈ ਪੈਂਦੇ ਹਨ**) ਅਤੇ ਹੁਣ ਨੌ ਵੱਜੇ ਹਨ...

ਸ਼੍ਰੀਪਾਲ: ਹਾਂ, ਮਹਾਰਾਜ.. ਮੈਂ ਬੇਨਤੀ ਕਰ ਰਿਹਾ ਹਾਂ.. ਕੁਦਰਤ ਵਿਚ, ਕੁਝ ਵੀ ਇੱਕ-ਦੂਸਰੇ ਤੋਂ ਅਲੱਗ ਨਹੀਂ ਹੈ.. ਹਰ ਚੀਜ਼ ਦਾ ਇੱਕ ਜਾ ਇੱਕ ਤੋਂ ਜ਼ਿਆਦਾ ਚੀਜ਼ਾਂ ਨਾਲ ਸਬੰਧ ਹੁੰਦਾ ਹੈ.. ਜੇਕਰ ਇਨ੍ਹਾਂ ਸਾਰੇ ਚੱਕਰਾਂ ਵਿੱਚੋਂ ਇੱਕ ਕਾਰਕ ਕਮਜ਼ੋਰ ਪੈ ਜਾਂਦਾ ਹੈ... ਯਾਣੀ ਇੱਕ ਕੜੀ ਵਿੱਚ ਵਿਗਾੜ ਆ ਜਾਵੇ ਤਾਂ ਸੰਪੂਰਨ ਸੰਤੁਲਨ ਗੜਬੜਾ ਸਕਦਾ ਹੈ...

ਰਾਜਾ: ਠੀਕ ਹੈ...ਪਰ ਸ਼੍ਰੀਪਾਲ ਬਹੁਤੀਆਂ ਬੁਝਾਰਤਾਂ ਨਾ ਪਾ ! ਇਹ ਦੱਸ ਇਸ ਸਾਰੀ ਰਾਮ ਕਹਾਣੀ ਦਾ ਅੱਜ ਦੇ ਪ੍ਰਸ਼ਨ ਨਾਲ

ਕੀ ਸੰਭੰਧ ਹੈ ?

**ਸ਼੍ਰੀਪਾਲ:** ਹਾਂ, ਮਹਾਰਾਜ.. ਇਹੀ ਕਹਾਣੀ ਤੇ ਇਸਦੇ ਪਿੱਛੇ ਕੰਮ ਕਰਦੀ ਵਿਗਿਆਨ ਦਦਿ ਹੀ ਚਰਚਾ ਕਰ ਰਿਹਾ ਸੀ ਮੈਂ ਤਾਂ ! ਮਾਹਾਰਾਜ ਵੇਖੋ ! ਜੇਕਰ ਅਸੀਂ ਨਦੀ ਦੇ ਪ੍ਰਵਾਹ ਨੂੰ ਰੋਕਦੇ ਹਾਂ ਜਾਂ ਬਦਲਦੇ ਹਾਂ.. ਤਾਂ ਅਸੀਂ ਕੁਦਰਤੀ ਚੀਜ਼ਾਂ ਨੂੰ ਬਦਲ ਰਹੇ ਹਾਂ.... ਆਖਿਰਕਾਰ, ਇਨ੍ਹਾਂ ਸਾਰੇ ਕਾਰਜਾਂ ਦਾ ਸਬੰਧ ਸਾਡੇ ਵਾਤਾਵਰਨ ਅਤੇ ਜਲਵਾਯੂ ਨਾਲ ਵੀ ਹੈ.. ਜੇਕਰ ਅਨੁਕੂਲ ਜਲਵਾਯੂ-ਪਰਿਸਥਿਤੀਆਂ ਉਪਲਬਧ ਨਹੀਂ ਹਨ... ਤਾਂ ਇਹ ਵਾਤਾਵਰਨ ਦੇ ਸਾਰੇ ਘਟਕਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ...

**ਮੰਤਰੀ:** ਮੈਂ ਤੁਹਾਡੇ ਨਾਲ ਸਹਿਮਤ ਹਾਂ, ਸ਼੍ਰੀਪਾਲ..

**ਸ਼੍ਰੀਪਾਲ:** ਜੇਕਰ ਅਸੀਂ ਆਪਣੀ ਜਲਵਾਯੂ ਦੇ ਬਾਰੇ ਸੋਚਦੇ ਹਾਂ, ਤਾਂ ਕੁਦਰਤ 'ਚ ਮਨੁੱਖੀ ਦਖ਼ਲ ਜਲਵਾਯੂ ਨੂੰ ਕਾਫ਼ੀ ਪ੍ਰਭਾਵਿਤ ਕਰ ਰਿਹਾ ਹੈ...

**ਮੰਤਰੀ:** ਹਾਂ..

**ਸ਼੍ਰੀਪਾਲ:** ਪਰ ਮਹਾਰਾਜ, ਧਰਤੀ ਉਪਰ ਇਹ ਜੀਵਨ ਕਾਰਬਨ ਅਤੇ ਜਲ ਚੱਕਰਾਂ ਦੇ ਮਾਧਿਅਮ ਰਾਹੀਂ ਜਲਵਾਯੂ ਨੂੰ ਵੀ ਪ੍ਰਭਾਵਿਤ ਕਰ ਰਿਹਾ ਹੈ...

**ਰਾਜਾ:** ਉਹ ਕਿਵੇਂ?

**ਸ਼੍ਰੀਪਾਲ:** ਅਲਬਿਡੋ, ਵਾਸ਼ਪੀਕਰਨ, ਬੱਦਲਾਂ ਦੇ ਨਿਰਮਾਣ ਅਤੇ ਖੈਅ ਆਦਿ ਰਾਹੀਂ, ਜੀਵਨ.. ਜਲਵਾਯੂ ਨੂੰ ਪ੍ਰਭਾਵਿਤ ਕਰਦਾ ਹੈ...

**ਰਾਜਾ:** ਸ਼੍ਰੀਪਾਲ ! ਬਹੁਤੇ ਵਲ ਵਲੇਵੇਂ ਨਾ ਪਾ ! ਥੋੜ੍ਹੀ ਸਰਲ ਭਾਸ਼ਾ ਵਿੱਚ ਕਹਿ ਜੋ ਕਹਿਣਾ ਹੈ !

**ਸ਼੍ਰੀਪਾਲ:** ਜ਼ਰੂਰ, ਮਹਾਰਾਜ... ਅਸੀਂ ਸਾਰੇ ਜਾਣਦੇ ਹਾਂ ਕਿ ਗਰਮ ਥਾਵਾਂ 'ਤੇ ਰਹਿਣ ਵਾਲੇ ਲੋਕਾਂ ਦੁਆਰਾ ਵਰਤੀਆਂ ਜਾਂਦੀਆਂ ਮੂਲ ਰਣਨੀਤੀਆਂ ਕੀ ਹੁੰਦੀਆਂ ਹਨ... ਉਦਾਹਰਨ ਦੇ ਲਈ, ਅਜਿਹੀਆਂ ਥਾਵਾਂ 'ਤੇ ਇਮਾਰਤਾਂ ਨੂੰ ਠੰਡਾ ਰੱਖਣ ਲਈ ਬਾਹਰੀ ਕੰਧਾਂ 'ਤੇ ਸਫ਼ੇਦ ਰੰਗ ਕੀਤਾ ਜਾਂਦਾ ਹੈ.. ਕਿਉਂਕਿ ਸਫ਼ੇਦ ਸਤਹਿ ਸੂਰਜ ਦੀਆਂ ਕਿਰਨਾਂ ਨੂੰ ਬਹੁਤ ਹੀ ਘੱਟ ਸੋਖਦੀ ਹੈ.. ਦੂਜੇ ਪਾਸੇ, ਕਾਲੀ ਜਾਂ ਗੂੜ੍ਹੇ ਰੰਗ ਦੀ ਸਤਹਿ ਸੂਰਜ ਦੀਆਂ ਕਿਰਨਾਂ ਨੂੰ ਬਹੁਤ ਜ਼ਿਆਦਾ ਸੋਖਦੀ ਹੈ.. ਇਸੇ ਕਾਰਨ ਲੋਕ ਗਰਮੀਆਂ ਵਿੱਚ ਹਲਕੇ ਰੰਗ ਦੇ ਤੇ ਸਰਦੀਆਂ ਵਿੱਚ ਗੂੜ੍ਹੇ ਰੰਗ ਦੇ ਕੱਪੜੇ ਪਾਉਂਦੇ ਹਨ..

**ਰਾਜਾ:** ਹਾਂ, ਮੈਂ ਸਮਝ ਗਿਆ..

**ਸ਼੍ਰੀਪਾਲ:** ਸਾਡੀ ਧਰਤੀ ਦੀ ਸਤਹਿ ਰੰਗਾਂ ਦਾ ਇਕ ਵਿਸ਼ਾਲ ਪੈਚਵਰਕ ਹੈ.. ਜਿਹੜਾ ਬਰਫ਼ ਅਤੇ ਬਰਫ਼ ਦੀ ਚਮਕਦਾਰ ਸਫ਼ੇਦ ਚਾਦਰ ਤੋਂ ਲੈ ਕੇ ਮਹਾਂਸਾਗਰਾਂ ਅਤੇ ਜੰਗਲਾਂ ਦੀ ਹਨ੍ਹੇਰੀ ਸਤਹਿ ਤੱਕ ਹੈ...

ਮੰਤਰੀ: ਜੀ, ਬਿਲਕੁਲ...

ਸ਼੍ਰੀਪਾਲ: ਧਰਤੀ ਦੀ ਹਰ ਸਤਹਿ ਦਾ ਧਰਤੀ ਦੇ ਤਾਪਮਾਨ 'ਤੇ ਵਿਸ਼ੇਸ਼ ਪ੍ਰਭਾਵ ਪੈਂਦਾ ਹੈ... ਬਰਫ਼ ਸੂਰਜ ਦੀ ਊਰਜਾ ਨੂੰ ਵਾਪਸ ਭੇਜ ਦਿੰਦੀ ਹੈ ... ਗਹਿਰੇ ਰੰਗੇ ਮਹਾਂਸਾਗਰ ਊਰਜਾ ਨੂੰ ਸੋਖਦੇ ਹਨ.. ਜਿਸ ਨਾਲ ਪਾਣੀ ਗਰਮ ਹੋ ਜਾਂਦਾ ਹੈ.. ਮਹਾਂਸਾਗਰ ਧਰਤੀ ਨੂੰ ਗਰਮ ਰੱਖਣ 'ਚ ਮੱਦਦ ਕਰਦੇ ਹਨ... ਉਹ ਜ਼ਿਆਦਾਤਰ ਗਰਮੀ ਨੂੰ ਸੋਖ ਲੈਂਦੇ ਹਨ.. ਇਹ ਗਰਮੀ ਜਲ ਵਾਸ਼ਪ ਬਣਾਉਂਦੀ ਹੈ... ਜਲ ਵਾਸ਼ਪ ਹਰਿਤ ਘਰ ਪ੍ਰਭਾਵ ਪੈਦਾ ਕਰਕੇ ਤਾਪਮਾਨ ਨੂੰ ਸਹੀ ਰੱਖਣ ਵਿੱਚ ਮੱਦਦ ਕਰਦੇ ਹਨ...

ਮੰਤਰੀ: ਪਰ, ਸ਼ੀਪਾਲ... ਇਹ ਕਿਵੇਂ ਮਾਪਿਆ ਜਾਂਦਾ ਹੈ? ਸਾਨੂੰ ਕਿਵੇਂ ਪਤਾ ਲੱਗੇਗਾ ਕਿ ਕੋਈ ਸਤਹਿ ਜ਼ਿਆਦਾ ਗਰਮੀ ਨੂੰ ਸੋਖਦੀ ਹੈ?

ਸ਼੍ਰੀਪਾਲ: ਹਾਂ ਜੀ ਮੰਤਰੀ ਜੀ... ਕਿਸੇ ਸਤਹਿ ਜਾਂ ਵਸਤੂ ਦੁਆਰਾ ਪਰਾਵਰਤਿਤ ਸੌਰ ਵਿਕਿਰਣ ਨੂੰ ਅਕਸਰ ਪ੍ਰਤੀਸ਼ਤ ਦੇ ਵਿਚ ਦਰਸਾਇਆ ਜਾਂਦਾ ਹੈ.. ਮਹਾਂਸਾਗਰ ਆਪਣੇ 'ਤੇ ਪੈਣ ਵਾਲੀਆਂ ਗਰਮ ਵਿਕਿਰਣਾਂ ਦਾ ਲੱਗਭਗ 90% ਸੋਖ ਲੈਂਦੇ ਹਨ.. ਅਸਲ 'ਚ 'ਅਲਬੇਡੋ' ਤਾਂ ਹੈ ਹੀ ਇਕ ਸਤਹਿ ਦੀ ਪਰਾਵਰਤਨਸ਼ੀਲਤਾ ਦਾ ਮਾਪ...

ਰਾਜਾ: ਅਲਬੇਡੋ?

ਸ਼੍ਰੀਪਾਲ: ਜੀ ਮਹਾਰਾਜ.. ਅਲਬੇਡੋ ਸ਼ਬਦ ਲਾਤੀਨੀ ਭਾਸ਼ਾ ਵਿੱਚ 'ਸਫ਼ੇਦ' ਲਈ ਇਸਤੇਮਾਲ ਕੀਤੇ ਜਾਂਦੇ ਸ਼ਬਦ ਤੋਂ ਲਿਆ ਗਿਆ ਹੈ.. ਅਲਬੇਡੋ ਪ੍ਰਭਾਵ ਇਸ ਗੱਲ ਦਾ ਇਕ ਪੈਮਾਨਾ ਹੈ ਕਿ ਸੂਰਜ ਦੀ ਊਰਜਾ ਦਾ ਕਿੰਨਾ ਹਿੱਸਾ ਵਾਪਸ ਬ੍ਰਹਿਮੰਡ ਵਿੱਚ ਭੇਜਿਆ ਜਾਂਦਾ ਹੈ... ਬਰਫ਼ ਨਾਲ ਢਕੀਆਂ ਪਰਤਾਂ ਵਿੱਚ ਇਕ ਉਚ ਅਲਬੇਡੋ ਹੁੰਦਾ ਹੈ, ਕਿਉਂਕਿ ਇਹ ਚਮਕਦਾਰ ਸਫ਼ੇਦ ਸਤਹਿ ਹੁੰਦੀ ਹੈ.. ਦੂਜੇ ਪਾਸੇ, ਮਿੱਟੀ ਦੀ ਸਤਹਿ 'ਤੇ ਅਲਬੇਡੋ ਉਚ ਤੋਂ ਨਿਮਨ ਤੱਕ ਬਦਲਵਾਂ ਹੁੰਦਾ ਹੈ.... ਅਤੇ ਬਨਸਪਤੀ ਨਾਲ ਢਕੀ ਸਤਹਿ ਅਤੇ ਮਹਾਂਸਾਗਰਾਂ ਵਿੱਚ 'ਅਲਬੇਡੋ' ਬਹੁਤ ਘੱਟ ਹੁੰਦਾ ਹੈ...

ਰਾਜਾ: ਕਿਉਂਕਿ ਇਹ ਸਤ੍ਹਾਵਾਂ ਜ਼ਿਆਦਾਤਰ ਗਰਮੀ ਨੂੰ ਸੋਖ ਲੈਂਦੀਆਂ ਹਨ..

ਸ਼੍ਰੀਪਾਲ: ਜੀ ! ਮਹਾਰਾਜ... ਤਾਂ ਉਚ ਅਲਬੇਡੋ ਨਾਲ ਸ਼ੀਤਲਨ ਪ੍ਰਭਾਵ ਹੁੰਦਾ ਹੈ ਅਤੇ ਘੱਟ ਅਲਬੇਡੋ ਨਾਲ ਗਰਮ ਪ੍ਰਭਾਵ ਹੁੰਦਾ ਹੈ... ਧਰਤੀ ਦਾ ਅਲਬੇਡੋ ਪ੍ਰਭਾਵ ਮੁੱਖ ਰੂਪ ਨਾਲ ਬੱਦਲਵਾਈ, ਬਰਫ਼, ਹਰੇ ਖੇਤਰਾਂ ਅਤੇ ਭੂਮੀ ਦਦਿ ਚਾਦਰ ਦੇ ਬਦਲਣ ਨਾਲ ਬਦਲਦਾ ਹੈ... ਅਲਬੇਡੋ ਦਾ ਸਭ ਤੋਂ ਮਹੱਤਵਪੂਰਨ ਅਨੁਮਾਨਿਤ ਪ੍ਰਭਾਵ ਭਵਿੱਖ ਦੀ ਗਲੋਬਲ ਵਾਰਮਿੰਗ ਹੈ..

ਮੰਤਰੀ (ਉਤਸੁਕਤਾ ਨਾਲ): ਉਹ ਕਿਵੇਂ?

ਸ਼੍ਰੀਪਾਲ: ਗਲੋਬਲ ਵਾਰਮਿੰਗ ਦੇ ਕਾਰਨ ਧਰਤੀ ਦੇ ਧਰੁਵੀ ਖੇਤਰਾਂ 'ਤੋਂ ਬਰਫ਼ ਤੇਜ਼ੀ ਨਾਲ ਗਾਇਬ ਹੋ ਰਹੀ ਹੈ... ਜਿਵੇਂ-ਜਿਵੇਂ ਸਫ਼ੇਦ ਸਤਹਿ ਘੱਟ ਹੁੰਦੀ ਜਾਂਦੀ ਹੈ, ਘੱਟ ਊਰਜਾ ਬ੍ਰਹਿਮੰਡ ਵਿੱਚ ਪਰਾਵਰਤਿਤ ਹੁੰਦੀ ਹੈ... ਇਸ ਨਾਲ ਧਰਤੀ ਹੋਰ ਵੀ

ਜ਼ਿਆਦਾ ਗਰਮ ਹੋ ਜਾਵੇਗੀ...

**ਮੰਤਰੀ:** ਓਹੋ..

**ਸ਼੍ਰੀਪਾਲ:** ਸਮੁੰਦਰ ਦਾ ਪੱਧਰ ਵਧ ਰਿਹਾ ਹੈ.. ਸਮੁੰਦਰ ਦੀ ਸਤਹਿ 'ਤੇ ਸੂਰਜ ਦਾ ਪ੍ਰਕਾਸ਼ ਪੈਣ ਨਾਲ, ਪਾਣੀ ਗਰਮ ਹੋ ਜਾਂਦਾ ਹੈ... ਇਸ ਨਾਲ ਨਮੀ ਵੀ ਵਧ ਜਾਂਦੀ ਹੈ.. ਜਲ ਵਾਸ਼ਪ ਇਕ ਸ਼ਕਤੀਸ਼ਾਲੀ ਗ੍ਰੀਨ ਹਾਊਸ ਗੈਸ ਹੈ... ਇਸ ਲਈ ਇਹ ਗਲੋਬਲ ਵਾਰਮਿੰਗ ਅਤੇ ਇਸ ਤਰ੍ਹਾਂ ਜਲਵਾਯੂ ਪਰਿਵਰਤਨ ਵਿਚ ਯੋਗਦਾਨ ਦਿੰਦਾ ਹੈ.. ਹੋਰ ਕਾਰਕ ਵੀ ਹਨ ਜਿਨ੍ਹਾਂ ਦੇ ਕਾਰਨ ਜੀਵਨ, ਜਲਵਾਯੂ ਨੂੰ ਪ੍ਰਭਾਵਿਤ ਕਰਦਾ ਹੈ..

**ਰਾਜਾ:** ਉਹ ਕਿਹੜੇ ਹਨ?

**ਸ਼੍ਰੀਪਾਲ:** ਇਕ ਕਾਰਕ 'ਵਾਸ਼ਪ-ਉਤਸਰਜਨ' ਹੈ..

**ਰਾਜਾ:** ਉਹ ਕੀ ਹੈ.. 'ਵਾਸ਼ਪ-ਉਤਸਰਜਨ'?

**ਸ਼੍ਰੀਪਾਲ:** 'ਵਾਸ਼ਪ-ਉਤਸਰਜਨ' ਕਾਰਨ ਨਮੀ ਧਰਤੀ ਤੋਂ ਵਾਯੂਮੰਡਲ ਵਿੱਚ ਪੁੱਜਦੀ ਹੈ... ਅਸਲ 'ਚ, ਇਹ ਵਾਸ਼ਪੀਕਰਨ ਅਤੇ 'ਵਾਸ਼ਪ-ਉਤਸਰਜਨ' ਦੋਵਾਂ ਦਾ ਹੀ ਸੁਮੇਲ ਹੈ..

**ਮੰਤਰੀ:** ਅਸੀਂ ਵਾਸ਼ਪੀਕਰਨ ਬਾਰੇ ਜਾਣਦੇ ਹਾਂ ... ਪਰ 'ਵਾਸ਼ਪ-ਉਤਸਰਜਨ' ਕੀ ਹੁੰਦਾ ਹੈ?

**ਸ਼੍ਰੀਪਾਲ:** ਪੌਦੇ ਜੜ੍ਹਾਂ ਰਾਹੀਂ ਪਾਣੀ ਚੂਸਦੇ ਹਨ। ਇਹ ਪਾਣੀ ਪੱਤਿਆਂ ਰਾਹੀਂ ਵਾਸ਼ਪ ਬਣ ਕੇ ਉੱਡਦਾ ਰਹਿੰਦਾ ਹੈ ਅਤੇ ਵਾਯੂਮੰਡਲ ਵਿੱਚ ਜਾਂਦਾ ਰਹਿੰਦਾ ਹੈ.. ਇਹੀ 'ਵਾਸ਼ਪ-ਉਤਸਰਜਨ' ਪ੍ਰਕਿਰਿਆ ਹੈ.. ਇਹ ਪੌਦਿਆਂ ਦੇ ਹੋਰ ਬਾਹਰੀ ਹਿੱਸਿਆਂ ਰਾਹੀਂ ਵੀ ਹੁੰਦਾ ਹੈ.. ਜਿਵੇਂ ਕਿ ਟਾਹਣੀ ਅਤੇ ਫੁੱਲ.. ਕਿਸਾਨ ਆਮ ਤੌਰ 'ਤੇ ਇਸ ਨੂੰ 'ਪੌਦਿਆਂ ਦਾ ਪਸੀਨਾ' ਕਹਿੰਦੇ ਹਨ..

**ਰਾਜਾ:** ਪੌਦਿਆਂ ਦਾ ਪਸੀਨਾ !

**ਸ਼੍ਰੀਪਾਲ:** ਹਾਂ ਮਹਾਰਾਜ ! ਵਾਧੇ ਦੌਰਾਨ, ਇਕ ਪੱਤਾ ਆਪਣੇ ਵਜਨ ਨਾਲੋਂ ਕਈ ਗੁਣਾ ਜ਼ਿਆਦਾ ਪਾਣੀ ਵਾਸ਼ਪਿਤ ਕਰਦਾ ਹੈ... ਮੱਕੀ ਦੀ ਇਕ ਏਕੜ ਫਸਲ ਹਰ ਦਿਨ ਲੱਗਭਗ 11,000 ਤੋਂ 15,000 ਹਜ਼ਾਰ ਲੀਟਰ ਪਾਣੀ ਵਾਸ਼ਪਿਤ ਕਰਦੀ ਹੈ... ਅਤੇ ਓਕ ਦਾ ਇਕ ਵੱਡਾ ਰੁੱਖ ਪ੍ਰਤੀ ਸਾਲ ਇੱਕ ਲੱਖ ਪੰਜਾਹ ਹਜ਼ਾਰ ਲੀਟਰ ਪਾਣੀ ਭਾਫ਼ ਬਣਾ ਕੇ ਛੱਡ ਸਕਦਾ ਹੈ.. ਇਸ ਪ੍ਰਕਿਰਿਆ ਨੂੰ ਸਾਡੇ ਸਰੀਰ ਵਿੱਚੋਂ ਨਿੱਕਲਦੇ ਪਸੀਨੇ ਨਾਲ ਜੋੜ ਲਿਆ ਹੈ ਕਿਸਾਨਾਂ ਨੇ !

**ਰਾਜਾ:** ਕੀ ਗੱਲ ਕਰ ਰਹੇ ਹੋ ਸ਼੍ਰੀਪਾਲ ? ਚੰਗੀ ਤਰ੍ਹਾਂ ਬਿਆਨ ਕਰੋ !

**ਸ਼੍ਰੀਪਾਲ:** ਹਾਂ ਮਾਹਾਰਾਜ ! 'ਵਾਸ਼ਪੋ-ਉਤਸਰਜਨ' ਦਾ ਅਰਥ ਹੈ ਵਾਸ਼ਪੀਕਰਨ ਅਤੇ ਵਾਸ਼ਪ-ਉਤਸਰਜਨ... ਇਹ ਕੁਦਰਤ ਦੀ ਇਕ ਮਹੱਤਵਪੂਰਨ ਪ੍ਰਕਿਰਿਆ ਹੈ.. ਵਾਯੂਮੰਡਲ ਵਿਚਲੇ ਲੱਗਭਗ 15% ਜਲ-ਵਾਸ਼ਪ ਇਸੇ ਰਾਹੀਂ ਆਉਂਦੇ ਹਨ.. ਇਸ

ਤੋਂ ਬਿਨਾਂ, ਬੱਦਲ ਨਹੀਂ ਬਣ ਸਕਦੇ ਅਤੇ ਨਾ ਹੀ ਮੀਂਹ ਪੈ ਸਕੇਗਾ...

**ਰਾਜਾ:** ਤਾਂ, ਜੇਕਰ ਅਸੀਂ ਜ਼ਿਆਦਾ ਰੁੱਖ ਕੱਟਦੇ ਹਾਂ, ਤਾਂ ਇਹ ਸਿੱਧੇ-ਸਿੱਧੇ ਵਾਯੂਮੰਡਲ ਵਿਚਲੇ ਜਲ ਵਾਸ਼ਪਾਂ ਦੀ ਮਾਤਰਾ ਨੂੰ ਪ੍ਰਭਾਵਿਤ ਕਰੇਗਾ..

**ਸ਼੍ਰੀਪਾਲ:** ਜੀ, ਮਹਾਰਾਜ.. ਵੱਡੇ ਰੁੱਖ ਹੀ ਨਹੀਂ, ਐਜ਼ੋਲਾ ਵਰਗੀ ਛੋਟੀ ਫ਼ਰਨ ਦਾ ਵੀ ਧਰਤੀ ਦੀ ਜਲਵਾਯੂ 'ਤੇ ਪ੍ਰਭਾਵ ਪਿਆ ਹੈ...

**ਰਾਜਾ (ਉਤਸੁਕਤਾ ਨਾਲ):** ਕਿਵੇਂ?

**ਸ਼੍ਰੀਪਾਲ:** **(ਸੰਗੀਤ ਦੀ ਖਾਮੋਸ਼ ਧੁਨ ਫਲੈਸ਼ਬੈਕ ਦਾ ਅਸਰ ਦੇਣਾ ਸ਼ੁਰੂ ਕਰ ਦਿੰਦੀ ਹੈ)** ਲਗਭਗ ਸਾਢੇ ਪੰਜ ਕਰੋੜ ਸਾਲ ਪਹਿਲਾਂ, ਜਦੋਂ ਸਾਡੀ ਧਰਤੀ ਦੀ ਸਥਿਤੀ ਬੜੀ ਨਾਜੁਕ ਸੀ ! ਖ਼ਤਰਨਾਕ ਰੂਪ ਨਾਲ ਗ੍ਰੀਨਹਾਊਸ ਗੈਸਾਂ ਨਾਲ ਗਰਮ ਹੋ ਗਈ ਸੀ... ਆਰਕਟਿਕ ਮਹਾਂਸਾਗਰ ਵੀ ਬਹੁਤ ਅਲੱਗ ਰੂਪ ਵਿੱਚ ਸੀ... ਇਹ ਇਕ ਵੱਡੀ ਝੀਲ ਸੀ.. ਜਿਹੜੀ ਇਕ ਮੁਢਲੇ ਦੁਆਰ ਦੇ ਜ਼ਰੀਏ ਵਡੇਰੇ ਮਹਾਂਸਾਗਰਾਂ ਜਿਵੇਂ ਕਿ ਤੁਰਗੇ ਸਾਗਰ.. ਨਾਲ ਜੁੜੀ ਹੋਈ ਸੀ..। ਜਦੋਂ ਲੱਗਭਗ 5 ਕਰੋੜ ਸਾਲ ਪਹਿਲਾਂ ਇਹ ਚੈਨਲ ਬੰਦ ਹੋ ਗਿਆ ਸੀ ਜਾਂ ਰੋਕ ਦਿੱਤਾ ਗਿਆ ਸੀ, ਤਾਂ ਪਾਣੀ ਦਾ ਇਹ ਬੰਦ ਭੰਡਾਰ ਛੋਟੇ ਪੱਤਿਆਂ ਵਾਲੇ ਐਜ਼ੋਲਾ ਨਾਮਕ ਇਕ ਫ਼ਰਨ ਦੇ ਲਈ ਬਹੁਤ ਹੀ ਵਧੀਆ ਆਵਾਸ ਬਣ ਗਿਆ...

ਨਾਈਟ੍ਰੋਜਨ ਅਤੇ ਕਾਰਬਨ ਡਾਈਆਕਸਾਈਡ ਜੋ ਕਿ ਐਜ਼ੋਲਾ ਦੇ ਦੋ ਪਸੰਦੀਦਾ ਖਾਧ-ਪਦਾਰਥਾਂ ਹਨ, ਚੋਖੀ ਮਾਤਰਾ 'ਚ ਉਪਲਬਧ ਹੋਣ ਕਾਰਨ ਐਥੇ ਐਜ਼ੋਲਾ ਖੂਬ ਵਧਿਆ-ਫੁਲਿਆ... ਐਜ਼ੋਲਾ ਦੀਆਂ ਮੋਟੀਆਂ-ਮੋਟੀਆਂ ਚਟਾਈਆਂ ਬਣੀਆਂ ਜਿਨ੍ਹਾਂ ਨੇ ਝੀਲ ਦੇ ਸਰੀਰ ਨੂੰ ਢਕ ਲਿਆ... ਜਦੋਂ ਬਦਲਦੀ ਜਲਵਾਯੂ ਨਾਲ ਵਰਖਾ ਵਿਚ ਵਾਧਾ ਹੋਇਆ, ਤਾਂ ਹੜ੍ਹਾਂ ਕਾਰਨ ਨੇੜੇ-ਤੇੜੇ ਦੇ ਮਹਾਂਦੀਪਾਂ ਦੇ ਕੁਝ ਹਿੱਸੇ ਵਿਚ ਅਜ਼ੋਲਾ ਦੇ ਵਾਧੇ ਅਤੇ ਪਸਾਰੇ ਵਾਸਤੇ ਇਨ੍ਹਾਂ ਪ੍ਰਸਥਿਤੀਆਂ ਨੇ ਤਾਜ਼ੇ ਪਾਣੀ ਦੀ ਪਤਲੀ ਪਰਤ ਪ੍ਰਦਾਨ ਕੀਤੀ...

ਇਸ ਤਰ੍ਹਾਂ ਦੇ ਚੱਕਰਾਕਾਰ ਕ੍ਰਮ ਵਿੱਚ ਐਜ਼ੋਲਾ ਕਰੀਬ ਦਸ ਲੱਖ ਸਾਲਾਂ ਤੱਕ ਵਧਦਾ-ਫੁੱਲਦਾ ਅਤੇ ਮਰਦਾ ਰਿਹਾ; ਹਰ ਵਾਰ ਇਸ ਤਰ੍ਹਾਂ ਤਲਛੱਟ ਦੀ ਇੱਕ ਮੋਟੀ ਪਰਤ ਵਿਛਦੀ ਗਈ,.. ਲੱਗਭਗ ਅੱਠ ਮੀਟਰ ਦੀ ਇਸ ਮੋਟੀ ਤਲਛੱਟੀ ਪਰਤ ਦੇ ਕਾਰਨ, ਵਾਯੂਮੰਡਲੀ ਕਾਰਬਨ ਡਾਈਆਕਸਾਈਡ ਗੈਸ ਸੋਖ ਲਈ ਗਈ... ਅਨੁਮਾਨ ਹੈ ਕਿ ਇਕੱਲੀ ਇਸ ਇਕ ਘਟਨਾ ਨਾਲ ਵਾਯੂਮੰਡਲੀ ਕਾਰਬਨ ਡਾਈਆਕਸਾਈਡ ਦੇ ਪੱਧਰ ਵਿਚ ਲੱਗਭਗ 80% ਦੀ ਗਿਰਾਵਟ ਆਈ... ਇਸ ਗਿਰਾਵਟ ਨੇ ਗ੍ਰੀਨ ਹਾਊਸ ਪ੍ਰਭਾਵ ਨੂੰ ਬਹੁਤ ਜਿਆਦਾ ਘਟਾ ਦਿੱਤਾ , ਧਰਤੀ ਤੇ ਗਰਮੀ ਬਹੱਦ ਘਟ ਗਈ ਜਿਸਤੋਂ ਅਜੋਕੀ ਬਰਫਾਨੀ ਧਰਤੀ ਦਾ ਮੁੱਢ ਬੱਝਿਆ । ਆਰਕਟਿਕ ਮਹਾਂਸਾਗਰ ਦਾ ਤਾਪਮਾਨ ਸਮੁੰਦਰੀ ਸਤਹਿ ਦੇ ਔਸਤਨ 13 ਡਿਗਰੀ ਸੈਲਸੀਅਸ ਤੋਂ ਘਟ ਕੇ ਅੱਜ ਦੇ ਮਨਫੀ 9 ਡਿਗਰੀ ਸੈਲਸੀਅਸ ਤੱਕ ਹੇਠਾਂ ਆ ਗਿਆ...

**ਰਾਜਾ:** ਕਮਾਲ ਹੈ...

**ਸ਼੍ਰੀਪਾਲ:** ਧਰਤੀ ਨੇ ਇਤਿਹਾਸ ਵਿਚ ਅਜਿਹੀਆਂ ਘਟਨਾਵਾਂ ਨੂੰ ਵੇਖਿਆ ਹੈ ਜਿਨ੍ਹਾਂ ਵਿੱਚ ਧਰਤੀ ਉਪਰਲੇ ਜੀਵਨ ਨੇ ਜਲਵਾਯੂ ਨੂੰ

ਪ੍ਰਭਾਵਿਤ ਕੀਤਾ ਹੈ..

**ਮੰਤਰੀ:** ਸ਼੍ਰੀਪਾਲ, ਇਹ ਕੁਦਰਤ ਦੁਆਰਾ ਹੀ ਹੁੰਦਾ ਹੈ.. ਪਰ, ਅਸੀਂ... ਮਨੁੱਖ ਕੁਦਰਤੀ ਵਿਧੀ ਵਿਧਾਨ ਵਿੱਚ ਬੇ ਲੋੜਾ ਦਖ਼ਲ ਦੇ ਰਹੇ ਹਾਂ ਜਿਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਲਈ ਗੰਭੀਰ ਸਮੱਸਿਆਵਾਂ ਪੈਦਾ ਹੋ ਰਹੀਆਂ ਨੇ...

**ਸ਼੍ਰੀਪਾਲ:** ਹਾਂ ਜੀ ! ਇਹ ਸੱਚ ਹੈ ਮੰਤਰੀ ਜੀ.. ਜਲਵਾਯੂ ਪਰਿਵਰਤਨ ਦੇ ਲਈ ਕੁਦਰਤੀ ਗਤੀਵਿਧੀਆਂ ਨਾਲੋਂ ਜ਼ਿਆਦਾ ਜ਼ਿੰਮੇਵਾਰ ਸਾਡੀਆਂ ਮਨੁੱਖੀ ਗਤੀਵਿਧੀਆਂ ਹਨ.. ਤਾਂ ਸਾਨੂੰ ਚਾਹੀਦਾ..

**ਰਾਜਾ:** (**ਸ਼੍ਰੀਪਾਲ ਨੂੰ ਰੋਕਦੇ ਹੋਏ**): ਮੰਤਰੀ ਜੀ, ਮੈਨੂੰ ਗੱਲ ਸਮਝ ਆ ਗਈ ਹੈ.. ਅਤੇ ਮੈਨੂੰ ਸਵੀਕਾਰ ਕਰਨਾ ਚਾਹੀਦਾ ਹੈ, ਕਿ ਸਾਡੇ ਗੁਆਂਢੀ ਰਾਜ ਦੇ ਪਾਣੀ ਦੀ ਪੂਰਤੀ ਵਿਚ ਕਟੌਤੀ ਕਰਨਾ ਮੇਰੀ ਭੁੱਲ ਸੀ... ਮੈਨੂੰ ਕੁਦਰਤ ਵਿਚ ਦਖ਼ਲ ਕਰਨ ਦਾ ਅਧਿਕਾਰ ਨਹੀਂ ਹੈ...

......**ਦ੍ਰਿਸ਼ ਬਦਲਾਅ ਸੰਗੀਤ**......

......**ਦ੍ਰਿਸ਼ ਛੇਵਾਂ**......

**( ਫਿਰ ਤੋਂ ਦਾਦੀ ਅਤੇ ਰਾਜੂ ਦਾ ਦ੍ਰਿਸ਼ ਸ਼ੁਰੂ ਹੁੰਦਾ ਹੈ..)**

**ਦਾਦੀ:** ਤਾਂ ਰਾਜੂ.. ਰਾਜਾ ਨੇ ਮੰਤਰੀ ਨੂੰ ਗੁਆਂਢੀ ਰਾਜ ਦੇ ਲਈ ਪਾਣੀ ਛੱਡਣ ਦਾ ਆਦੇਸ਼ ਦੇ ਦਿੱਤਾ.. (ਰਾਜੂ ਹੱਸਦੇ ਹੋਏ) ਸ਼੍ਰੀਪਾਲ ਅਤੇ ਮੰਤਰੀ ਨੇ ਇਕ-ਦੂਜੇ ਵੱਲ ਦੇਖਿਆ ਅਤੇ ਮੁਸਕਰਾਏ...

**ਰਾਜੂ:** ਤਾਂ ਮੂਰਖ ਰਾਜਾ ਦੇ ਲਈ ਇਹ ਸੀ ਸਿੱਖਿਆ ਦੇਣ ਦਦਿ ਜੁਗਤ !

**ਦਾਦੀ:** ਹਾਂ.. ਉਸ ਸਮੇਂ ਤੱਕ, ਸੂਰਜ ਨਿਕਲ ਰਿਹਾ ਸੀ ਅਤੇ ਰਾਜਾ ਖੁਸ਼ ਹੋ ਗਿਆ.. (ਦਾਦੀ ਹੱਸਦੇ ਹੋਏ) ਤਾਂ, ਇਸ ਕਹਾਣੀ ਤੋਂ ਤੁਸੀਂ ਕੀ ਸਿਖਿਆ?

**ਰਾਜੂ:** ਕਹਾਣੀ ਨੇ ਸਿਖਾਇਆ ਕਿ ਸਾਨੂੰ ਕੁਦਰਤ ਨੂੰ ਬੰਨ੍ਹਣਾ ਨਹੀਂ ਚਾਹੀਦਾ.. ਕੁਦਰਤ ਨੂੰ ਉਸ ਦੇ ਹਿਸਾਬ ਨਾਲ ਕੰਮ ਕਰਨ ਦੇਣਾ ਚਾਹੀਦਾ ਹੈ... ਉਸ ਵਿਚ ਦਖ਼ਲ ਨਹੀਂ ਦੇਣਾ ਚਾਹੀਦਾ..

**ਦਾਦੀ:** (**ਹੱਸਦੇ ਹੋਏ**): ਬਿਲਕੁਲ ਸਹੀ.. ਹੁਣ ਵਰਖਾ ਬੰਦ ਹੋ ਗਈ ਹੈ.. ਆਸਮਾਨ ਸਾਫ਼ ਹੋ ਗਿਆ ਹੈ.. ਨਾ ਕੋਈ ਲਿਸ਼ਕ ਅਤੇ ਨਾ ਕੋਈ ਗਰਜ.. ਪਰ ਭਾਰੀ ਮੀਂਹ ਦੇ ਕਾਰਨ ਹੁਣ ਠੰਡ ਬਹੁਤ ਹੈ... ਹੁਣ ਆਪਣੇ ਬਿਸਤਰ 'ਤੇ ਜਾਹ ਅਤੇ ਚੁਪਚਾਪ ਸੌਂ ਜਾ..

**ਰਾਜੂ:** ਹਾਂ ਦਾਦੀ, ਹੁਣ ਮੈਂ ਬੱਦਲ ਦੇ ਗਰਜਨ ਨਾਲ ਡਰਾਂਗਾ ਨਹੀਂ.. ਮੈਨੂੰ ਸਮਝ ਆ ਗਈ ਕਿ ਇਹ ਕੁਦਰਤੀ ਘਟਨਾਵਾਂ ਦਾ ਇਕ ਹਿੱਸਾ ਹੈ.. ਰਾਜੇ ਦੇ ਵਾਂਗ, ਮੈਂ ਵੀ ਬਹੁਤ ਕੁਝ ਸਿਖਿਆ.. (**ਦਾਦੀ ਸੰਤੋਸ਼ ਨਾਲ ਹੱਸਦੇ ਹੋਏ**) ਅਤੇ ਦਾਦੀ, ਬਹੁਤ ਚੰਗੀ ਕਹਾਣੀ ਦੇ ਲਈ ਸ਼ੁਕਰੀਆ... ਗੁਡ ਨਾਈਟ..

**ਦਾਦੀ:** ਗੁਡ ਨਾਈਟ, ਪੁੱਤ...

(ਦੋਵੇਂ ਹੱਸਦੇ ਹਨ.. ਸਮਾਪਤੀ ਸੰਗੀਤ ...

---

ਪ੍ਰਸ਼ਨ:

**ਪ੍ਰਸ਼ਨ -1 ਵਾਸ਼ਪ ਉਤਸਰਜਨ ਕੀ ਹੁੰਦਾ ਹੈ ?**

ਉੱਤਰ : ਪੌਦੇ ਤੇ ਰੁੱਖ ਆਪਣੇ ਪੱਤਿਆਂ ਰਾਹੀਂ ਪਾਣੀ ਬਾਹਰ ਕੱਢਦੇ ਰਹਿੰਦੇ ਹਨ ਜਿਸ ਨੂੰ ਵਾਸ਼ਪ-ਉਤਸਰਜਨ ਕਿਹਾ ਜਾਂਦਾ ਹੈ !

**ਪ੍ਰਸ਼ਨ -2 ਧਰਤੀ ਦੀਆਂ ਅੰਦਰੂਨੀ ਕਿਰਿਆਵਾਂ ਅਤੇ ਮਨੁੱਖੀ ਗਤੀਵਿਧੀਆਂ ਵਿੱਚੋਂ ਕਿਸ ਕਾਰਨ ਜਲਵਾਯੂ ਜਿਆਦਾ ਪ੍ਰਭਾਵਤ ਹੁੰਦਾ ਹੈ ?**

ਉੱਤਰ: ਮਨੁੱਖੀ ਗਤੀਵਿਧੀਆਂ ਕਰਕੇ !